ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸਾਖਾ)

ਸੇਵਾ ਵਿਖੇ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ,ਚੰਡੀਗੜ੍ਹ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ.ਸਿ.), ਪੰਜਾਬ, ਚੰਡੀਗੜ੍ਹ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
5. ਸਕੱਤਰ, ਸਕੂਲ ਸਿੱਖਿਆ ਬੋਰਡ, ਮੋਹਾਲੀ, ਪੰਜਾਬ,ਚੰਡੀਗੜ੍ਹ।

ਮੀਮੋ ਨੰ. 11/30/2012-1ਸਿ6/ 438478/1
ਮਿਤੀ,ਚੰਡੀਗੜ੍ਹ: 16-03-15

ਵਿਸ਼ਾ:- ਪੰਜਾਬ ਸਰਕਾਰ ਪ੍ਰਮਾਣ ਪੱਤਰ-2015 (15 ਅਗਸਤ,2015-ਸੁਤੰਤਰਤਾ ਦਿਵਸ ਤੇ) ਦੇ ਸਬੰਧੀ ਸਿਫਾਰਸ਼ਾਂ ਮੰਗਣ ਬਾਰੇ।

***

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ੇ ਅੰਕਿਤ ਮਾਮਲੇ ਸਬੰਧੀ ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਰਾਜਨੀਤੀ-1 ਸਾਖਾ) ਦੇ ਪੱਤਰ ਨੰ. 4/2/2015-4ਰਾਜ(1)/2232, ਮਿਤੀ 05.03.2015 ਦੀ ਕਾਪੀ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਸਰਕਾਰ ਨੂੰ ਸਿਫਾਰਸ਼ਾਂ ਹਰ ਹਾਲਤ ਵਿੱਚ ਮਿਤੀ 30.04.2015 ਤੱਕ ਭੇਜਣੀਆਂ ਯਕੀਨੀ ਬਣਾਈਆਂ ਜਾਣ ਤਾਂ ਜੋ ਸਮੇਂ ਰਹਿੰਦੇ ਸੂਚਨਾ ਸਬੰਧਤ ਵਿਭਾਗ ਨੂੰ ਭੇਜੀ ਜਾ ਸਕੇ।

ਸੁਪਰਡੰਟ

9094 17/3/15

ਮਿਤੀ-ਬੱਧ

ਨੰ: 4/2/2015-4ਰਾਜ-(1)/2232

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਰਾਜਨੀਤੀ-1 ਸਾਖਾ)

ਮਿਤੀ, ਚੰਡੀਗੜ੍ਹ: 5/3/15

ਸੇਵਾ ਵਿਖੇ,

1 ਰਾਜ ਦੇ ਡਵੀਜ਼ਨਾਂ ਦੇ ਕਮਿਸ਼ਨਰਜ
2. ਰਾਜ ਦੇ ਸਾਰੇ ਡਿਪਟੀ ਕਮਿਸ਼ਨਰਜ਼
3 ਸਕੱਤਰ, ਪੰਜਾਬ ਵਿਧਾਨ ਸਭਾ

ਵਿਸ਼ਾ : ਪੰਜਾਬ ਸਰਕਾਰ ਪ੍ਰਮਾਣ ਪੱਤਰ - 2015 (15 ਅਗਸਤ, 2015 - ਸੁਤੰਤਰਤਾ ਦਿਵਸ ਤੇ) ਦੇਣ ਸਬੰਧੀ ਸਿਫਾਰਸ਼ਾਂ ਮੰਗਣ ਬਾਰੇ।

***

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ:4/6/98-4ਰਾਜ-1/1221, ਮਿਤੀ 4.2.99, ਪੱਤਰ ਨੰ:4/1/2001-4ਰਾਜ-1/9123, ਮਿਤੀ 4.7.2001, ਪੱਤਰ ਨੰ: 4/1/2004-4ਰਾਜ-1/967, ਮਿਤੀ 3.2.2005 ਅਤੇ ਨੰ: 4/5/12-4 ਰਾਜ(1)/9674 ਮਿਤੀ 18.7.2012 ਵੱਲ ਦਿਵਾਉਂਦੇ ਹੋਏ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਜਿਵੇਂ ਕਿ ਹਰ ਸਾਲ 15 ਅਗਸਤ - ਸੁਤੰਤਰਤਾ ਦਿਵਸ ਦੇ ਮੌਕੇ ਤੇ ਰਾਜ ਪੱਧਰ ਦੇ ਸਮਾਗਮ ਵਿਖੇ ਉਨ੍ਹਾਂ ਵਿਅਕਤੀਆਂ ਨੂੰ ਜਿਨ੍ਹਾਂ ਵੱਲੋਂ ਵਿਸ਼ੇਸ਼ ਖੇਤਰਾਂ ਵਿੱਚ ਉਪਲਬੱਧੀਆਂ ਕੀਤੀਆਂ ਜਾਂਦੀਆਂ ਹਨ ਅਤੇ ਬਹਾਦਰੀ ਵਿਖਾਈ ਜਾਂਦੀ ਹੈ, ਨੂੰ ਪੰਜਾਬ ਸਰਕਾਰ ਪ੍ਰਮਾਣ ਪੱਤਰ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਹ ਪ੍ਰਮਾਣ ਪੱਤਰ (ੳ) ਅੱਤਵਾਦੀਆਂ, ਦਹਿਸ਼ਤਗਰਦਾਂ ਜਾਂ ਹੋਰ ਗੈਰ ਸਮਾਜੀ ਅਨਸਰਾਂ ਨਾਲ ਨਜਿਠਣ ਅਤੇ ਅੱਤਵਾਦੀਆਂ ਵਲੋਂ ਕੀਤੇ ਗਏ ਹਮਲਿਆਂ ਵਿਰੁੱਧ ਅਤੇ ਕਿਸੇ ਕੰਮ ਵਿਚ ਵਖਾਈ ਗਈ ਵਿਸ਼ੇਸ਼ ਬਹਾਦਰੀ ਵੱਜੋਂ (ਅ) ਸਮਾਜ ਸੇਵਾ (ੲ) ਕਲਾ, ਪ੍ਰਸਿੱਧ ਕਲਾ ਅਤੇ ਸਾਹਿਤ ਅਤੇ (ਸ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤੇ ਦੇ ਖੇਤਰਾਂ ਵਿੱਚ ਸ਼ਲਾਘਾਯੋਗ ਸੇਵਾਵਾਂ/ਪ੍ਰਾਪਤੀਆਂ ਕਰਨ ਵੱਜੋਂ ਪ੍ਰਦਾਨ ਕੀਤੇ ਜਾਂਦੇ ਹਨ, ਜਿਨ੍ਹਾਂ ਲਈ ਪੰਜਾਬ ਸਰਕਾਰ ਦੁਆਰਾ ਸਿਫਾਰਸ਼ਾਂ ਮੰਗੀਆਂ ਜਾਂਦੀਆਂ ਹਨ।

2. ਉਪਰੋਕਤ ਦਰਸਾਏ ਵੱਖ ਵੱਖ ਖੇਤਰਾਂ ਲਈ ਦਿੱਤੇ ਜਾਣ ਵਾਲੇ ਪ੍ਰਮਾਣ ਪੱਤਰਾਂ ਦੀ ਕੁੱਲ ਗਿਣਤੀ ਸਾਰੇ ਰਾਜ ਲਈ 40 ਨਿਸ਼ਚਿਤ ਕੀਤੀ ਗਈ ਹੈ ਅਤੇ ਇਨ੍ਹਾਂ ਵਿੱਚੋਂ ਪਹਿਲਾਂ ਵਿਸ਼ੇਸ਼ ਤੌਰ ਤੇ ਬਹਾਦਰੀ ਦੇ ਖੇਤਰ ਲਈ ਇਨਾਮਾਂ ਬਾਰੇ ਅਤੇ ਫਿਰ ਦੂਜੇ ਖੇਤਰਾਂ ਵਿੱਚ ਪ੍ਰਾਪਤ ਕੀਤੀਆਂ ਜਾਂਦੀਆਂ ਉਪਲਬੱਧੀਆਂ ਲਈ ਇਨਾਮਾਂ ਬਾਰੇ ਵਿਚਾਰ ਅਤੇ ਫੈਸਲਾ ਕੀਤਾ ਜਾਵੇਗਾ ਪ੍ਰੰਤੂ ਇਨਾਮਾਂ ਦੀ ਕੁਲ ਗਿਣਤੀ 40 ਹੀ ਰਹੇਗੀ। ਹਰੇਕ ਪ੍ਰਮਾਣ ਪੱਤਰ ਦੇ ਨਾਲ ਇਕ ਚਾਂਦੀ ਦਾ ਗੋਲਡ ਪਾਲਿਸ਼ਡ ਮੈਡਲ ਅਤੇ ਇਕ ਸ਼ਾਲ ਵੀ ਦਿੱਤਾ ਜਾਵੇਗਾ। ਪੰਜਾਬ ਸਰਕਾਰ ਪ੍ਰਮਾਣ ਪੱਤਰ ਅਵਾਰਡੀਜ਼ ਨੂੰ ਬਹਾਦਰੀ ਦੇ ਖੇਤਰ ਵਿੱਚ ਅੱਤਵਾਦੀਆਂ, ਦਹਿਸ਼ਤਗਰਦਾਂ ਜਾਂ ਗੈਰ ਸਮਾਜੀ ਅਨਸਰਾਂ ਨਾਲ ਨਜਿੱਠਣ ਅਤੇ ਬਹਾਦਰੀ ਵਿਖਾਉਣ ਵੱਜੋਂ 50,000/- ਰੁਪਏ (ਪੰਜਾਹ ਹਜਾਰ ਰੁਪਏ) ਦਾ ਨਕਦ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਹੋਰ ਕਿਸੇ ਕੰਮ ਵਿੱਚ ਵਿਖਾਈ ਗਈ ਵਿਸ਼ੇਸ਼ ਬਹਾਦਰੀ ਦੇ ਕੇਸ ਵਿੱਚ 25,000/- ਰੁਪਏ (ਪੱਚੀ ਹਜਾਰ ਰੁਪਏ) ਦਾ ਨਕਦ ਇਨਾਮ ਦਿੱਤਾ ਜਾਵੇਗਾ। ਦੂਸਰੇ ਖੇਤਰਾਂ ਵਿੱਚ ਜਿਵੇਂ ਕਿ (ੳ) ਸਮਾਜ ਸੇਵਾ (ਅ) ਕਲਾ, ਪ੍ਰਸਿੱਧ ਕਲਾ ਅਤੇ ਸਾਹਿਤ ਅਤੇ (ੲ) ਵਿਗਿਆਨ ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤਿਆਂ ਵਿੱਚ ਪ੍ਰਾਪਤ ਕੀਤੀਆਂ ਗਈਆਂ ਵਿਸ਼ੇਸ਼ ਉਪਲਬੱਧੀਆਂ ਦੇ ਇਵਜ਼ ਵੱਜੋਂ 11,000/-ਰੁਪਏ (ਗਿਆਰਾਂ ਹਜ਼ਾਰ ਰੁਪਏ) ਦੀ ਨਕਦ ਰਾਸ਼ੀ ਇਨਾਮ ਵੱਜੋਂ ਦਿੱਤੀ ਜਾਵੇਗੀ।

3. ਪੰਜਾਬ ਰਾਜ ਦੇ ਸਾਰੇ ਡਿਪਟੀ ਕਮਿਸ਼ਨਰਜ਼ ਆਪਣੀਆਂ ਸਿਫਾਰਸ਼ਾਂ ਆਪਣੀ ਡਵੀਜ਼ਨ ਦੇ ਡਵੀਜ਼ਨਲ ਕਮਿਸ਼ਨਰਜ਼ ਰਾਹੀਂ ਹੀ ਭੇਜਣਗੇ। ਇਨ੍ਹਾਂ ਸਿਫਾਰਸ਼ਾਂ ਵਿੱਚ ਸਬੰਧਤ ਵਿਅਕਤੀ ਦੀ ਜੀਵਨੀ, ਬਾਇਓ-ਡਾਟਾ ਅਤੇ ਉਸ ਵੱਲੋਂ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਨਾਲ ਦੱਸਦੇ ਹੋਏ ਉਸ ਦੀਆਂ ਕੁੱਲ 10 ਕਾਪੀਆਂ ਭੇਜੀਆਂ ਜਾਣ। ਇਹ ਸਿਫਾਰਸ਼ਾਂ ਨਾਲ ਨੱਥੀ ਕੀਤੇ ਅਨੁਲੱਗ ਵਿੱਚ ਮੰਗੀ ਗਈ ਸੂਚਨਾ ਅਨੁਸਾਰ ਆਮ ਰਾਜ ਪ੍ਰਬੰਧ ਵਿਭਾਗ

----ਪੰਨਾਂ 2

(ਰਾਜਨੀਤੀ-1 ਸਾਖਾ) ਨੂੰ ਮਿਤੀ 15.5.2015 ਤੱਕ ਭੇਜੀਆਂ ਜਾਣ।

ਵਿਸ਼ਵਾਸਪਾਤਰ

ਅਧੀਨ ਸਕੱਤਰ ਪ੍ਰੋਟੋਕੋਲ

ਨੰ:4/2/2015-4ਰਾਜ-1/2233 ਮਿਤੀ, ਚੰਡੀਗੜ੍ਹ : 5/3/15

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ। ਬੇਨਤੀ ਹੈ ਕਿ ਆਪਣੀਆਂ ਸਿਫਾਰਸ਼ਾਂ, ਜੇਕਰ ਕੋਈ ਹੋਣ, ਤਾਂ ਮਿਤੀ 15.5.2015 ਤੱਕ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ :-

1. ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ।
2. ਸਕੱਤਰ/ਨਿਜੀ ਸਕੱਤਰ ਸਾਰੇ ਕੈਬਨਿਟ ਮੰਤਰੀ ਅਤੇ ਮੁੱਖ ਪਾਰਲੀਮਾਨੀ ਸਕੱਤਰ ਸਾਹਿਬਾਨ ਪੰਜਾਬ।

ਅਧੀਨ ਸਕੱਤਰ ਪ੍ਰੋਟੋਕੋਲ

ਨੰ:4/2/2015-4-ਰਾਜ-1/2234 ਮਿਤੀ, ਚੰਡੀਗੜ੍ਹ : 5/3/15

ਉਪਰੋਕਤ ਦਾ ਇੱਕ ਉਤਾਰਾ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਸੂਚਨਾਂ ਅਤੇ ਜਰੂਰੀ ਕਾਰਵਾਈ ਲਈ ਭੇਜਿਆਂ ਜਾਂਦਾ ਹੈ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਿਫਾਰਸਾਂ ਸਬੰਧਤ ਪ੍ਰਬੰਧਕੀ ਸਕੱਤਰਾਂ ਰਾਹੀਂ ਸਰਕਾਰ ਨੂੰ ਨਿਸ਼ਚਿਤ ਕੀਤੀ ਮਿਤੀ ਤੱਕ ਭੇਜਣ ਦੀ ਖੇਚਲ ਕਰਨ।

ਅਧੀਨ ਸਕੱਤਰ ਪ੍ਰੋਟੋਕੋਲ

ਉਪਰੋਕਤ ਦਾ ਇੱਕ ਉਤਾਰਾ ਸਾਰੇ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਭੇਜਿਆ ਜਾਂਦਾ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਸਿਫਾਰਸ਼ਾਂ ਇਸ ਵਿਭਾਗ ਨੂੰ ਮਿਤੀ 15.5.2015 ਤੋਂ ਪਹਿਲਾਂ ਭੇਜਣ ਦੀ ਖੇਚਲ ਕਰਨ ।

ਅਧੀਨ ਸਕੱਤਰ ਪ੍ਰੋਟੋਕੋਲ

ਵੱਲ,

ਪੰਜਾਬ ਸਰਕਾਰ ਦੇ ਸਾਰੇ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ।

ਅੰ:ਵਿ:ਪੱ:ਨੰ:4/2/2015-4ਰਾਜ-1/2235 ਮਿਤੀ, ਚੰਡੀਗੜ੍ਹ : 5/3/15

## ਬਾਇਓਡਾਟਾ

1. ਨਾਮ :
(ਪੰਜਾਬੀ ਅਤੇ ਅੰਗ੍ਰੇਜ਼ੀ ਵਿਚ) :

2. ਪਿਤਾ/ਪਤੀ ਦਾ ਨਾਮ :

3. ਰਿਹਾਇਸ਼ੀ ਪਤਾ :

4. ਫੋਨ/ਮੋਬਾਇਲ ਨੰ:

5. ਜਨਮ ਮਿਤੀ/ਉਮਰ :

6. ਕਿੱਤਾ (ਜੇਕਰ ਸਰਕਾਰੀ ਕਰਮਚਾਰੀ ਹੈ :
ਤਾਂ ਅਹੁਦਾ ਅਤੇ ਦਫਤਰ ਦਾ ਪਤਾ)

7. ਸਿਫਾਰਸ਼ ਦਾ ਖੇਤਰ :
(ਬਹਾਦਰੀ, ਸਮਾਜ ਸੇਵਾ, ਕਲਾ, ਪ੍ਰਸਿੱਧ ਕਲਾ, ਸਾਹਿਤ, ਵਿਗਿਆਨ, ਤਕਨਾਲੋਜੀ ਅਤੇ ਹੋਰ ਪ੍ਰਵੀਨ ਕਿੱਤੇ)।

8 ਕੀ ਪਹਿਲਾਂ ਪੰਜਾਬ ਸਰਕਾਰ ਪ੍ਰਮਾਣ ਪੱਤਰ ਮਿਲ ਚੁੱਕਾ ਹੈ? :

9. ਵਿਸ਼ੇਸ਼ ਕਥਨ :